# ਗਰੁੱਪ ਏ. ਸਟ੍ਰੈਪਟੋਕੋਕਲ ਇਨਫ਼ੈੱਕਸ਼ਨਜ਼
# Group A Streptococcal Infections

## ਗਰੁੱਪ ਏ.ਸਟ੍ਰੈਪਟੋਕੋਲ ਇਨਫ਼ੈੱਕਸ਼ਨਜ਼ ਕੀ ਹਨ?

ਗਰੁੱਪ ਏ ਸਟ੍ਰੈਪਟੋਕੋਕਸ (ਜੀ.ਏ.ਐਸ. ਜਾਂ ਸਟ੍ਰੈਪ) (Group A Streptococcus (GAS or "strep")) ਬੈਕਟੀਰੀਆ ਕਿਸੇ ਨੂੰ ਵੀ ਕਿਸੇ ਉਮਰ ਵਿੱਚ ਰੋਗੀ ਕਰ ਸਕਦੇ ਹਨ। ਇਨਫ਼ੈਕਸ਼ਨ ਕਾਰਨ ਮਾਮੂਲੀ ਬੁਖ਼ਾਰ ਹੋ ਸਕਦਾ ਹੈ। ਸਟ੍ਰੈੱਪ ਥਰੋਟ (ਗਲਾ ਖਰਾਬ ਹੋਣਾ) ਇੱਕ ਆਮ ਇਨਫ਼ੈਕਸ਼ਨ ਹੈ। ਆਮ ਕਿਸਮ ਦੇ ਹੋਰ ਰੋਗਾਂ ਵਿੱਚ ਚਮੜੀ ਅਤੇ ਜ਼ਖ਼ਮਾਂ ਦੇ ਰੋਗ, ਕੰਨਾਂ ਅਤੇ ਸਾਈਨਸ (sinus) ਦੇ ਰੋਗ ਅਤੇ ਲਸਿਕਾ ਗ੍ਰੰਥੀਆਂ (lymph glands) ਦੇ ਰੋਗ ਸ਼ਾਮਲ ਹਨ।

ਬਹੁਤ ਟਾਂਵੀਂਆਂ ਹਾਲਤਾਂ ਵਿੱਚ ਜਰਾਸੀਮ ਸਰੀਰ ਦੇ ਹੋਰ ਹਿੱਸਿਆਂ ਫੇਫੜਿਆਂ, ਜੋੜਾਂ ਅਤੇ ਦਿਲ ਅਤੇ ਦਿਮਾਗ਼ ਦੁਆਲੇ ਝਿੱਲੀ ਵਿਚ ਦਾਖ਼ਲ ਹੋ ਸਕਦਾ ਹੈ। ਇਸ ਕਾਰਨ ਖ਼ੂਨ, ਪੱਠਿਆਂ ਜਾਂ ਫੇਫੜਿਆਂ ਦੀਆਂ ਬਿਮਾਰੀਆਂ ਅਤੇ ਤੇਜ਼ ਬੁਖ਼ਾਰ ਅਤੇ ਤੰਤੂਆਂ ਦਾ ਨੁਕਸਾਨ ਹੋ ਸਕਦਾ ਹੈ। ਇਨ੍ਹਾਂ ਇਨਫ਼ੈਕਸ਼ਨਜ਼ ਨੂੰ ਇਨਵੇਸਿਵ ਗਰੁੱਪ ਏ ਸਟ੍ਰੈਪਟੋਕੋਕਲ ਬਿਮਾਰੀ (ਆਈਗੈਸ ਵੀ) ਕਹਿੰਦੇ ਹਨ।

ਗੰਭੀਰ ਰੂਪ ਵਿੱਚ ਆਈ.ਜੀ.ਏ.ਐਸ. ਕਾਰਨ ਸਟ੍ਰੈਪਟੋਕੋਕਲ ਟਾਕਸਿਕ ਸ਼ੌਕ ਸਿੰਡਰੋਮ (streptococcal toxic shock syndrome) ਅਤੇ ਨੈਕ੍ਰੋਟਾਈਜ਼ਿੰਗ ਫ਼ੇਸੀਟਿਸ (necrotizing fasciitis) ਹੋ ਜਾਂਦੀਆਂ ਹਨ। ਕੁੱਝ ਘੱਟ ਹਾਲਤਾਂ ਵਿੱਚ ਜੀ.ਏ.ਐੱਸ. ਕਾਰਨ ਸਕਾਰਲੇਟ ਫ਼ੀਵਰ (scarlet fever), ਰਿਊਮੈਟਿਕ ਫ਼ੀਵਰ (rheumatic fever), ਅਤੇ ਗੁਰਦਿਆਂ ਨੂੰ ਇੱਕ ਕਿਸਮ ਦੀ ਬਿਮਾਰੀ ਗਲੋਮੇਰਿਊਲੋਨਫ਼ਰਾਈਟਸ (glomerulonephritis) ਹੋ ਸਕਦੀਆਂ ਹਨ।

## ਜੀ.ਏ.ਐੱਸ. ਇਨਫ਼ੈਕਸ਼ਨ ਦੇ ਕੀ ਲੱਛਣ ਹਨ?

**ਸਟ੍ਰੈਪ ਥਰੋਟ (Strep throat)** ਇਹ ਰੋਗ ਅਚਾਨਕ ਤੇਜ਼ ਬੁਖ਼ਾਰ, ਸਿਰ ਦਰਦ, ਸੁੱਜਿਆ ਹੋਇਆ ਲਾਲ ਗਲਾ ਅਤੇ ਘੰਡੀ, ਗਲੇ ਵਿੱਚ ਸੁੱਜੀਆਂ ਹੋਈਆਂ ਲਸਿਕਾ ਗ੍ਰੰਥੀਆਂ, ਗਲੇ ਦੇ ਪਿੱਛੇ ਸਫ਼ੇਦ ਜਾਂ ਪੀਲੇ ਧੱਬੇ ਅਤੇ ਬੱਚਿਆਂ ਵਿੱਚ ਢਿੱਡ ਪੀੜ ਨਾਲ ਸ਼ੁਰੂ ਹੁੰਦਾ ਹੈ।

**ਇੰਪੈਟਾਈਗੋ (Impetigo)** ਇਹ ਚਮੜੀ ਦਾ ਰੋਗ ਹੈ ਜੋ ਬੱਚਿਆਂ ਵਿੱਚ ਆਮ ਹੁੰਦਾ ਹੈ। ਇਸ ਦੇ ਜਰਾਸੀਮ ਸੱਟ ਜਾਂ ਝਰੀਟ ਵਾਲੀ ਥਾਂ ਜਾਂ ਜਿੱਥੇ ਕਿਸੇ ਕੀੜੇ ਨੇ ਕੱਟਿਆ ਹੋਵੇ ਜਾਂ ਐਗਜ਼ੀਮੇ ਵਾਲੀ ਥਾਂ ਤੋਂ ਦਾਖਲ ਹੋ ਜਾਂਦੇ ਹਨ। ਹੋਰ ਜਾਣਕਾਰੀ ਲਈ ਹੈਲਥਲਿੰਕ ਬੀ.ਸੀ. ਫ਼ਾਈਲ, (HealthLink BC File) #81 ਫੋੜੇ ਫਿਣਸੀਆਂ ਦੀ ਬਿਮਾਰੀ ਦੇਖੋ।

**ਟਾਕਸਿਕ ਸ਼ੌਕ ਸਿੰਡਰੋਮ (Toxic shock syndrome)** ਇਹ ਗਰੁੱਪ ਏ ਸਟ੍ਰੈਪਟੋਕੋਕਸ ਦੀ ਇਨਵੇਸਿਵ ਇਨਫੈਕਸ਼ਨ ਦਾ ਟਾਂਵਾਂ ਅਤੇ ਗੰਭੀਰ ਨਤੀਜਾ ਹੈ। ਇਸ ਦੇ ਲੱਛਣਾਂ ਵਿਚ ਬੁਖ਼ਾਰ ਅਤੇ ਚਮੜੀ ਦਾ ਲਾਲ ਹੋਣਾ, ਰਕਤ ਚਾਪ (blood pressure) ਘੱਟ ਹੋਣ ਕਰ ਕੇ ਸਦਮਾ, ਦਸਤ, ਉਲਟੀਆਂ ਅਤੇ ਪੱਠਿਆਂ ਵਿੱਚ ਬਹੁਤ ਦਰਦ ਸ਼ਾਮਲ ਹਨ। ਕੁੱਝ ਹਾਲਤਾਂ ਵਿੱਚ ਇਹ ਜਾਨ ਲੇਵਾ ਵੀ ਹੋ ਸਕਦਾ ਹੈ।

ਟੀ.ਐੱਸ.ਐੱਸ. ਜਰਾਸੀਮਾਂ ਦੁਆਰਾ ਪੈਦਾ ਕੀਤੇ ਗਏ ਟਾਕਸਿਨ ਕਾਰਨ ਹੁੰਦਾ ਹੈ ਅਤੇ ਸਰੀਰ ਦੇ ਸਾਰੇ ਹਿੱਸਿਆਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਬੀ.ਸੀ. ਵਿੱਚ ਇਨਵੇਸਿਵ ਜੀ.ਏ.ਐੱਸ. ਦੇ 20 ਵਿਚੋਂ 1 ਕੇਸ ਵਿੱਚ ਟਾਕਸਿਕ ਸ਼ਾਕ ਸਿੰਡਰੋਮ ਹੁੰਦਾ ਹੈ। ਇਹ ਬੱਚਿਆਂ, ਜਵਾਨਾਂ, ਛੋਟੀ ਮਾਤਾ ਵਾਲਿਆਂ, ਸ਼ੂਗਰ ਦੇ ਰੋਗੀਆਂ, ਪੁਰਾਣੀ ਦਿਲ ਜਾਂ ਫੇਫੜਿਆਂ ਦੀ ਬਿਮਾਰੀ ਵਾਲਿਆਂ ਜਾਂ ਜੋ ਜ਼ਿਆਦਾ ਸ਼ਰਾਬ ਪੀਂਦੇ ਹਨ ਜਾਂ ਨਸ਼ਿਆਂ ਦੇ ਟੀਕੇ ਲਗਾਉਂਦੇ ਹਨ ਵਿੱਚ ਆਮ ਤੌਰ ਤੇ ਜ਼ਿਆਦਾ ਹੁੰਦਾ ਹੈ।

ਟੀ.ਐੱਸ.ਐੱਸ. (TSS) *ਸਟੈਫਲੋਕੋਕਸ ਔਰੀਅਸ (Staphylococcus aureus)* ਇਨਫ਼ੈਕਸ਼ਨ ਕਰ ਕੇ ਵੀ ਹੋ ਸਕਦਾ ਹੈ ਜਿਸ ਦਾ ਸੰਬੰਧ ਮਾਹਵਾਰੀ ਵਿਚ ਔਰਤਾਂ ਵੱਲੋਂ ਵਰਤੇ ਜਾਂਦੇ ਟੈਂਪੂਨ ਹਨ। ਹੋਰ ਜ਼ਿਆਦਾ ਜਾਣਕਾਰੀ ਲਈ ਹੈਲਥਲਿੰਕ ਬੀ.ਸੀ. ਫ਼ਾਈਲ (HealthLinkBC File) #04 ਟੌਕਸਿਕ ਸ਼ਾਕ ਸਿੰਡਰੋਮ ਦੇਖੋ।

**ਨੈਕਰੋਟਾਈਜ਼ਿੰਗ ਫ਼ੇਸੀਟਿਸ (Necrotizing fasciitis)** ਇਹ ਬੜਾ ਗੰਭੀਰ ਰੋਗ ਹੈ ਜਿਸ ਨੂੰ ਆਮ ਤੌਰ ਤੇ ਮਾਸ ਖਾਣਾ ਰੋਗ ਵੀ ਕਹਿੰਦੇ ਹਨ। ਇਹ ਪੱਠਿਆਂ ਦੁਆਲੇ ਮਾਸ ਰਾਹੀਂ ਬਹੁਤ ਜਲਦੀ ਫੈਲ ਜਾਂਦਾ ਹੈ। ਕੁੱਝ ਹਾਲਤਾਂ ਵਿਚ 18 ਘੰਟਿਆਂ ਅੰਦਰ ਹੀ ਮੌਤ ਹੋ ਜਾਂਦੀ ਹੈ। ਕੁੱਝ ਹੋਰ ਹਾਲਤਾਂ ਵਿਚ ਸਰਜਰੀ ਕਰ ਕੇ ਸਰੀਰ ਦੇ ਦੂਸ਼ਿਤ ਤੰਤੂ ਜਾਂ ਅੰਗ ਨੂੰ ਹਟਾ ਦਿੱਤਾ ਜਾਂਦਾ ਹੈ।

ਤੁਹਾਡੇ ਸਰੀਰ ਵਿਚ ਇਨਫ਼ੈਕਸ਼ਨ ਦੀ ਅਸਲ ਜਗ੍ਹਾ ਸ਼ਾਇਦ ਛੋਟਾ ਜਿਹਾ ਜ਼ਖ਼ਮ ਜਾਂ ਚੋਟ ਕੱਟ ਹੀ ਹੋਵੇ ਜਿਵੇਂ ਕਿ ਕੀੜੇ ਦਾ ਕੱਟਿਆ ਜਾਂ ਰਗੜ। ਹੋਰ ਜ਼ਿਆਦਾ ਜਾਣਕਾਰੀ ਲਈ ਹੈਲਥਲਿੰਕ ਬੀ.ਸੀ. ਫ਼ਾਈਲ (HealthLinkBC File) #60 ਨੈਕਰੋਟਾਈਜ਼ਿੰਗ ਫ਼ੈਸੀਆਈਟਿਸ ਦੇਖੋ।

**ਸਕਾਰਲੈਟ ਫ਼ੀਵਰ (Scarlet fever)** ਇਹ ਰੋਗ ਆਮ ਤੌਰ ਤੇ ਸਰੀਰ ਤੇ ਲਾਲ ਚਟਾਕ ਨਾਲ ਸ਼ੁਰੂ ਹੁੰਦਾ ਹੈ, ਜੋ ਜਲਦੀ ਹੀ ਫੈਲ ਜਾਂਦੇ ਹਨ। ਇਹ ਚਟਾਕ ਰੇਗਮਾਰ ਦੀ ਤਰਾਂ ਮਹਿਸੂਸ ਹੁੰਦੇ ਹਨ, ਦਬਾਅ ਪਾਉਣ ਤੇ ਇਹ ਫਿੱਕੇ ਪੈ ਜਾਂਦੇ ਹਨ ਅਤੇ ਇਸ ਕਾਰਨ

ਚਮੜੀ ਛਿੱਲੀ ਜਾਂਦੀ ਹੈ। ਹੋਰ ਨਿਸ਼ਾਨੀਆਂ ਵਿਚ ਸੁੱਜੇ ਹੋਏ ਲਾਲ ਬੁੱਲ੍ਹ, ਜੀਭ ਤੇ ਲਾਲ ਨਿਸ਼ਾਨ ਸ਼ਾਮਲ ਹਨ। ਇਸ ਨੂੰ ਕਈ ਵਾਰ ਸਟ੍ਰਾਬੈਰੀ ਜੀਭ ਵੀ ਕਹਿੰਦੇ ਹਨ।

**ਰਿਊਮੈਟਿਕ ਫ਼ੀਵਰ (Rheumatic fever)** ਉਸ ਵੇਲੇ ਹੁੰਦਾ ਹੈ ਜਦੋਂ ਸਟ੍ਰੈਪ ਇਨਫੈਕਸ਼ਨ ਦਿਲ ਦੇ ਵਾਲਵ ਨੂੰ ਨੁਕਸਾਨ ਪਹੁੰਚਾਉਂਦੀ ਹੈ ਜਿਸ ਕਰ ਕੇ ਦਿਲ ਫੇਲ੍ਹ ਹੋ ਜਾਂਦਾ ਹੈ ਜਾਂ ਦਿਲ ਦੀ ਝਿੱਲੀ ਅੰਦਰ ਸੋਜਸ਼ ਹੋ ਜਾਂਦੀ ਹੈ। ਇਹ ਸਟ੍ਰੈਪ ਥਰੋਟ ਦੀ ਬੜੀ ਟਾਂਵੀਂ ਉਲਝਣ ਹੈ।

## ਗਰੁੱਪ ਏ ਸਟ੍ਰੈਪਟੋਕੋਕਲ ਇਨਫ਼ੈਕਸ਼ਨ ਹੋਣ ਦਾ ਕਿਸ ਨੂੰ ਜ਼ਿਆਦਾ ਖ਼ਤਰਾ ਹੈ।

ਜਿਸ ਘਰ ਵਿੱਚ ਜੀ.ਏ.ਐੱਸ. ਇਨਫ਼ੈਕਸ਼ਨ ਵਾਲਾ ਮਰੀਜ਼ ਹੈ ਉਸ ਘਰ ਵਿੱਚ ਰਹਿਣ ਵਾਲਿਆਂ ਨੂੰ ਜਾਂ ਉਨ੍ਹਾਂ ਨੂੰ ਜ਼ਿਆਦਾ ਖ਼ਤਰਾ ਹੈ ਜੋ ਐਸੇ ਮਰੀਜ਼ ਦੇ ਮੂੰਹ ਜਾਂ ਨੱਕ ਵਿਚੋਂ ਨਿਕਲੇ ਮੁਆਦ ਨਾਲ ਸਿੱਧਾ ਸਪਰਸ਼ ਹੁੰਦਾ ਹੈ। ਪਰ ਜ਼ਿਆਦਾ ਇਨਫੈਕਸ਼ਨ ਉਨ੍ਹਾਂ ਲੋਕਾਂ ਦੇ ਸੰਪਰਕ ਨਾਲ ਫੈਲਦੀ ਹੈ ਜਿਨ੍ਹਾਂ ਵਿੱਚ ਬਿਮਾਰੀ ਦੇ ਲੱਛਣ ਨਜ਼ਰ ਹੀ ਨਹੀਂ ਆਉਂਦੇ।

ਜੀ.ਏ.ਐੱਸ. ਇਨਫ਼ੈਕਸ਼ਨ ਛੋਟੀ ਮਾਤਾ ਵਾਲਿਆਂ ਲੋਕਾਂ ਵਿੱਚ ਆਮ ਹੁੰਦੀ ਹੈ।

## ਇਹ ਕਿਵੇਂ ਫੈਲਦੀ ਹੈ?

ਗਰੁੱਪ ਏ ਸਟ੍ਰੈਪਟੋਕੋਕਸ ਬੈਕਟੀਰੀਆ ਆਮ ਤੌਰ ਤੇ ਸਿਹਤਮੰਦ ਮਨੁੱਖਾਂ ਦੇ ਨੱਕ ਵਿੱਚ, ਗਲੇ ਵਿੱਚ ਅਤੇ ਚਮੜੀ ਤੇ ਹੁੰਦੇ ਹਨ।

ਜੀ.ਏ.ਐੱਸ. ਦੀ ਇਨਫ਼ੈਕਸ਼ਨ ਵਾਲਾ ਮਰੀਜ਼ ਜਦੋਂ ਸਾਹ ਲੈਂਦਾ ਹੈ, ਖੰਘਦਾ ਹੈ ਜਾਂ ਨਿੱਛ ਮਾਰਦਾ ਹੈ ਤਾਂ ਬੈਕਟੀਰੀਆ ਹਵਾ ਵਿਚ ਫੈਲ ਜਾਂਦੇ ਹਨ। ਜੇ ਤੁਸੀਂ ਐਸੀ ਹਵਾ ਵਿਚ ਸਾਹ ਲਵੋ ਜਾਂ ਬੈਕਟੀਰੀਆ ਨਾਲ ਦੂਸ਼ਿਤ ਹੋਈਆਂ ਚੀਜ਼ਾਂ ਨੂੰ ਛੂਹੋ ਤਾਂ ਇਹ ਇਨਫ਼ੈਕਸ਼ਨ ਤੁਹਾਨੂੰ ਵੀ ਹੋ ਸਕਦੀ ਹੈ। ਇਹ ਆਮ ਤੌਰ ਤੇ ਇੱਕ ਮਨੁੱਖ ਦੇ ਦੂਜੇ ਮਨੁੱਖ ਨਾਲ ਨਜ਼ਦੀਕੀ ਸੰਪਰਕ ਜਿਵੇਂ ਚੁੰਮਣ, ਪੀਣ ਵਾਲੇ ਕੱਪ, ਕਾਂਟੇ ਜਾਂ ਸਿਗਰਟਾਂ ਸਾਂਝੀਆਂ ਕਰਨ ਨਾਲ ਵੀ ਫੈਲਦੀ ਹੈ।

## ਗਰੁੱਪ ਏ ਸਟ੍ਰੈਪਟੋਕੋਕਲ ਇਨਫ਼ੈਕਸ਼ਨ ਦਾ ਕੀ ਇਲਾਜ ਹੈ?

ਇਸ ਦਾ ਇਲਾਜ ਐਂਟੀਬਾਇਟਿਕਸ ਨਾਲ ਕੀਤਾ ਜਾ ਸਕਦਾ ਹੈ। ਇਹ ਬੜਾ ਜ਼ਰੂਰੀ ਹੈ ਕਿ ਸਾਰੀਆਂ ਨਿਰਧਾਰਿਤ ਕੀਤੀਆਂ ਗਈਆਂ ਦਵਾਈਆਂ ਸਮੇਂ ਸਿਰ ਲਈਆਂ ਜਾਣ।

ਜੇਕਰ ਤੁਸੀਂ ਕਿਸੇ ਐਸੇ ਮਨੁੱਖ ਦੇ ਸੰਪਰਕ ਵਿੱਚ ਹੋ ਜਿਸ ਨੂੰ ਇਨਵੇਸਿਵ ਗਰੁੱਪ ਏ ਸਟ੍ਰੈਪਟੋਕੋਕਸ ਹੈ ਤਾਂ ਤੁਹਾਨੂੰ ਐਂਟੀਬਾਇਟਿਕਸ ਦੀ ਜ਼ਰੂਰਤ ਪੈ ਸਕਦੀ ਹੈ। ਹੋਰ ਜ਼ਿਆਦਾ ਜਾਣਕਾਰੀ ਲਈ ਆਪਣੇ ਸਿਹਤ ਸੰਭਾਲ ਕਰਨ ਵਾਲੇ ਨਾਲ ਗੱਲ ਕਰੋ।

## ਮੈਂ ਗਰੁੱਪ ਏ ਸਟ੍ਰੈਪਟੋਕੋਕਲ ਇਨਫ਼ੈਕਸ਼ਨ ਤੋਂ ਕਿਵੇਂ ਬਚ ਸਕਦਾ ਹਾਂ?

- ਆਪਣੇ ਹੱਥ ਜਲਦੀ ਜਲਦੀ ਧੋਂਦੇ ਰਹੋ। ਹੱਥ ਧੋਣ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਹੈਲਥਲਿੰਕ ਬੀ.ਸੀ. ਫ਼ਾਈਲ (HealthLinkBC File) #85 ਮਾਪਿਆਂ ਅਤੇ ਬੱਚਿਆ ਲਈ ਹੱਥ ਧੋਣੇ ਦੇਖੋ।
- ਸਟ੍ਰਾ, ਕੱਪ, ਬੋਤਲ, ਕਾਂਟਾ, ਚਮਚ, ਸਿਗਰਟ ਜਾਂ ਕੋਈ ਵੀ ਚੀਜ਼ ਜਿਸ ਨੂੰ ਥੁੱਕ ਲੱਗੀ ਹੋਵੇ ਉਹ ਸਾਂਝੀ ਨਾ ਕਰੋ।
- ਆਪਣੀ ਕੂਹਣੀ ਜਾਂ ਬਾਂਹ ਜਾਂ ਟਿਸ਼ੂ ਵਿੱਚ ਨਿੱਛ ਮਾਰੋ ਜਾਂ ਖੰਘੋ ਅਤੇ ਟਿਸ਼ੂ ਨੂੰ ਕੂੜੇ ਵਿੱਚ ਸੁੱਟ ਕੇ ਅਤੇ ਆਪਣੇ ਹੱਥ ਧੋਵੋ।
- ਸਾਰੇ ਜ਼ਖ਼ਮਾਂ ਨੂੰ ਸਾਫ਼ ਰੱਖੋ ਅਤੇ ਜ਼ਖਮ ਤੇ ਲਾਲੀ, ਸੋਜਸ਼, ਜ਼ਖ਼ਮ ਵਿੱਚੋਂ ਮੁਆਦ ਦਾ ਨਿਕਲਨਾ, ਬੁਖ਼ਾਰ ਜਾਂ ਜ਼ਖ਼ਮ ਵਾਲੀ ਜਗ੍ਹਾ ਤੇ ਦਰਦ ਦੇ ਵਧਣ ਵਲ ਧਿਆਨ ਦਿਓ।
- ਛੋਟੀ ਮਾਤਾ ਦਾ ਵੈਕਸੀਨ ਲਵੋ ਜੇ ਤੁਸੀਂ ਪਹਿਲਾਂ ਇਸ ਤੋਂ ਸੁਰੱਖਿਅਤ ਨਹੀਂ। ਹੋਰ ਜ਼ਿਆਦਾ ਜਾਣਕਾਰੀ ਲਈ ਹੈਲਥਲਿੰਕ ਬੀ.ਸੀ. ਫ਼ਾਈਲ (HealthLinkBC File) #44b ਛੋਟੀ ਮਾਤਾ (ਵੈਰੀਸੇਲਾ) ਵੈਕਸੀਨ ਦੇਖੋ।
- ਜੇ ਨਿਸ਼ਾਨੀਆਂ ਨਜ਼ਰ ਆਉਣ ਤਾਂ ਸਕੂਲ ਜਾਂ ਕੰਮ ਤੇ ਨਾ ਜਾਓ ਅਤੇ ਸ਼ੁਰੂ ਵਿੱਚ ਹੀ ਇਲਾਜ ਕਰਵਾਓ ਐਂਟੀਬਾਇਟਿਕ ਸ਼ੁਰੂ ਕੀਤੀ ਨੂੰ 24 ਘੰਟੇ ਨਾ ਹੋ ਜਾਣ ਜਾਂ ਬੁਖ਼ਾਰ ਨਾ ਉੱਤਰ ਜਾਏ।

ਹੋਰ ਜ਼ਿਆਦਾ ਵਿਸ਼ਿਆਂ ਬਾਰੇ ਹੈਲਥਲਿੰਕ ਬੀ.ਸੀ. ਫਾਈਲਾਂ ਲਈ https://www.healthlinkbc.ca/health-library/healthlinkbc-files ਵੇਖੋ ਜਾਂ ਆਪਣੀ ਸਥਾਨਕ ਜਨਤਕ ਸਿਹਤ ਯੂਨਿਟ ਵਿਖੇ ਜਾਓ।

ਗੈਰ-ਹੰਗਾਮੀ ਸਿਹਤ ਜਾਣਕਾਰੀ ਅਤੇ ਬੀ.ਸੀ. ਵਿਚਲੀਆਂ ਸੇਵਾਵਾਂ ਲਈ www.HealthLinkBC.ca 'ਤੇ ਕਲਿੱਕ ਕਰੋ ਜਾਂ **8-1-1** 'ਤੇ ਫੋਨ ਕਰੋ।

ਬੋਲ਼ੇ ਅਤੇ ਉੱਚਾ ਸੁਣਨ ਵਾਲੇ ਮਦਦ ਲਈ ਬੀ.ਸੀ. ਵਿੱਚ 7-1-1 'ਤੇ ਫੋਨ ਕਰ ਸਕਦੇ ਹਨ।

ਮੰਗੇ ਜਾਣ 'ਤੇ 130 ਤੋਂ ਵੱਧ ਬੋਲੀਆਂ ਵਿੱਚ ਅਨੁਵਾਦ ਦੀਆਂ

BC Centre for Disease Control
AN AGENCY OF THE PROVINCIAL HEALTH SERVICES AUTHORITY